# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਮਾਨਸਾ

ਵੱਲ

ਸਮੂਹ ਸਕੂਲ ਮੁੱਖੀ,

ਸਮਿਸ/ਸਹਸ/ਸਸਸ,

ਜਿਲ੍ਹਾ ਮਾਨਸਾ

ਪੱਤਰ ਨੰ: ਜਿ:ਸਾ:ਸੁ/ **sci fair**/2016/169

ਮਿਤੀ ਮਾਨਸਾ: 10-10-2016

ਵਿਸ਼ਾ: 45ਵੀਂ ਵਿਦਿਆਰਥੀ ਵਿਗਿਆਨ ਪ੍ਰਦਰਸ਼ਨੀ 2016-17 ਦੇ ਤਹਿਸੀਲ ਪੱਧਰੀ ਸੰਚਾਲਨ ਸਬੰਧੀ।

ਰਾਜ ਸਾਇੰਸ ਸਿੱਖਿਆ ਸੰਸਥਾ ਪੰਜਾਬ ਦੇ ਆਦੇਸ਼ਾਂ ਅਨੁਸਾਰ 45ਵੀਂ ਵਿਦਿਆਰਥੀ ਵਿਗਿਆਨ ਪ੍ਰਦਰਸ਼ਨੀ 2016-17 ਕਰਵਾਈ ਜਾਣੀ ਹੈ। ਇਸ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਪਹਿਲਾਂ ਸੂਚਿਤ ਕੀਤਾ ਜਾ ਚੁੱਕਾ ਹੈ। ਸੋ ਸਮੂਹ ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤਹਿਸੀਲ ਪੱਧਰੀ ਵਿਗਿਆਨ ਪ੍ਰਦਰਸ਼ਨੀ ਮਿਤੀ 20-10-2016 (ਵੀਰਵਾਰ) ਨੂੰ ਕਰਵਾਈ ਜਾਣੀ ਹੈ। ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਦੀ ਜਿੰਮੇਵਾਰੀ ਗਾਇਡ ਅਧਿਆਪਕਾਂ ਦੀ ਹੋਵੇਗੀ। ਜੇਕਰ ਕਿਸੇ ਮਾਡਲ/ਪ੍ਰੋਜੈਕਟ ਲਈ ਬਿਜਲੀ ਦੀ ਵਰਤੋ ਹੁੰਦੀ ਹੈ ਤਾਂ ਉਹ ਆਪਣੇ ਨਾਲ ਬਿਜਲੀ ਐਕਸਟੈਂਸ਼ਨ ਲੈ ਕੇ ਆਉਣ। ਜਿਹੜੇ ਸਕੂਲਾਂ ਵਿੱਚ ਤਹਿਸੀਲ ਪੱਧਰੀ ਪ੍ਰਦਰਸ਼ਨੀਆਂ ਹੋ ਰਹੀਆਂ ਹਨ ਉਹ ਸਕੂਲ ਮੁੱਖੀ ਪ੍ਰਦਰਸ਼ਨੀ ਸਬੰਧੀ ਅਗਾਊ ਪ੍ਰਬੰਧ ਕਰ ਲੈਣ ਅਤੇ ਸੰਚਾਲਨ ਲਈ ਲਗਾਏ ਗਏ ਕੋਆਰਡੀਨੇਟਰਜ ਨੂੰ ਪੂਰਨ ਸਹਿਯੋਗ ਦਿਤਾ ਜਾਵੇ। ਤਹਿਸੀਲ ਪੱਧਰੀ ਵਿਗਿਆਨ ਪ੍ਰਦਰਸ਼ਨੀ ਦਾ ਸ਼ਡਿਊਲ ਅਤੇ ਡਿਊਟੀਆਂ ਦਾ ਵੇਰਵਾ ਇਸ ਪ੍ਰਕਾਰ ਹੈ।

| ਤਹਿਸੀਲ ਦਾ ਨਾਮ ਅਤੇ ਮਿਤੀ | ਸਥਾਨ | ਨੋਡਲ ਇੰਚਾਰਜ ਦਾ ਵੇਰਵਾ | ਕੋਆਰਡੀਨੇਟਰ ਦਾ ਵੇਰਵਾ | ਸਹਾਇਕ ਕੋਆਰਡੀਨੇਟਰ ਦਾ ਵੇਰਵਾ | ਵਿਸ਼ੇਸ਼ ਕਥਨ |
|---|---|---|---|---|---|
| ਮਾਨਸਾ 20-10-2016 | ਸਰਕਾਰੀ ਸੈਕੰਡਰੀ ਸਕੂਲ (ਲੜਕੇ) ਮਾਨਸਾ | ਸਬੰਧਤ ਸਕੂਲ ਮੁੱਖੀ | ਸ਼੍ਰੀ ਇੰਦਰਪਾਲ ਸਿੰਘ, ਸਾਇੰਸ ਮਾਸਟਰ, ਸਸਸ ਭੰਮੇ ਕਲਾਂ | ਸ਼੍ਰੀ ਹਰਪ੍ਰੀਤ ਸਿੰਘ, ਸਾਇੰਸ ਮਾਸਟਰ, ਸਸਸ ਅੱਕਾਂਵਾਲੀ | ਤਹਿਸੀਲ ਪੱਧਰੀ ਵਿਗਿਆਨ ਪ੍ਰਦਰਸ਼ਨੀਆਂ ਦੇ ਕੋਆਰਡੀਨੇਟਰਜ ਵੱਖ ਵੱਖ ਥੀਮਜ ਅਤੇ ਈਵੈਂਟਸ ਦਾ ਨਤੀਜਾ **mansadss@gmail.com** ਤੇ ਮੇਲ ਕਰਨਗੇ। |
| ਬੁਢਲਾਡਾ 20-10-2016 | ਸਰਕਾਰੀ ਕੰਨਿਆ ਸੈਕੰਡਰੀ ਸਕੂਲ, ਬੁਢਲਾਡਾ | ਸਬੰਧਤ ਸਕੂਲ ਮੁੱਖੀ | ਡਾ: ਜ਼ਸਵੀਰ ਸਿੰਘ, ਲੈਕ: ਬਾਇਓ, ਸਸਸ (ਕੰ) ਬੁਢਲਾਡਾ | ਸ਼੍ਰੀ ਪਰਵਿੰਦਰ ਸਿੰਘ, ਕੰਪਿਊਟਰ ਅਧਿਆਪਕ, ਸਹਸ ਰਾਮਪੁਰ ਮੰਡੇਰ | |
| ਸਰਦੂਲਗੜ 20-10-2016 | ਸਰਕਾਰੀ ਸੈਕੰਡਰੀ ਸਕੂਲ (ਲੜਕੇ) ਸਰਦੂਲਗੜ | ਸਬੰਧਤ ਸਕੂਲ ਮੁੱਖੀ | ਸ਼੍ਰੀ ਲਖਵਿੰਦਰ ਸਿੰਘ, ਸਾਇੰਸ ਮਾਸਟਰ, ਸਸਸ ਰਾਏਪੁਰ | ਸ਼੍ਰੀ ਸੰਨੀ ਬਾਂਸਲ, ਸਾਇੰਸ ਮਾਸਟਰ, ਸਸਸ (ਮ) ਸਰਦੂਲਗੜ | |

ਜਿਨ੍ਹਾ ਸਕੂਲ ਦੇ ਕਰਮਚਾਰੀਆਂ ਦੀ ਡਿਊਟੀ ਤਹਿਸੀਲ ਪੱਧਰੀ ਵਿਗਿਆਨ ਪ੍ਰਦਰਸ਼ਨੀਆਂ ਦਾ ਸੰਚਾਲਨ ਕਰਨ ਲਈ ਲੱਗੀ ਹੈ, ਉਨਾਂ ਸਕੂਲਾਂ ਦੇ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ ਨੂੰ ਸਮੇ ਸਿਰ ਫਾਰਗ ਕੀਤਾ ਜਾਵੇ।

ਹੋਰ ਕਿਸੇ ਜਾਣਕਾਰੀ ਲਈ ਸ਼੍ਰੀ ਕੰਵਲਜੀਤ ਸਿੰਘ, ਜਿਲ੍ਹਾ ਸਾਇੰਸ ਸੁਪਰਵਾਈਜਰ, ਮਾਨਸਾ (8427400742) ਜਾਂ ਸ਼੍ਰੀ ਪਰਵਿੰਦਰ ਸਿੰਘ, ਕੰਪਿਊਟਰ ਅਧਿਆਪਕ (9815465366) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

(ਸ਼ਿਵਪਾਲ)

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਮਾਨਸਾ